## GURU NANAK DEV UNIVERSITY
## AMRITSAR

# Corrigendum

ਆਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਕੈਂਪਸ ਵਿਖੇ ਹੇਠ ਲਿਖੀਆਂ ਦੁਕਾਨਾਂ ਖਾਲੀ ਹਨ:-

1. **Shop No. 5 (Near Pb. & Sind Bank)-For Medical Store**
2. **Shop No. 3 (Ground floor of Library Building)- For Book Shop**
3. **Shop No. 3 (Ground floor of Water Tanki)**

ਉਪਰੋਕਤ ਦੁਕਾਨਾਂ ਨੂੰ ਕਿਰਾਏ ਤੇ ਦੇਣ ਲਈ ਨਿਰਧਾਰਿਤ ਫਾਰਮ ਭਰ ਕੇ ਮਿਤੀ: 31-10-2019 ਤੱਕ ਸਹਾਇਕ-ਰਜਿਸਟਰਾਰ (ਜਨਰਲ) ਦੇ ਦਫਤਰ ਵਿਖੇ ਜਮ੍ਹਾਂ ਕਰਾਉਣ ਦੀ ਮੰਗ ਕੀਤੀ ਜਾਂਦੀ ਹੈ।ਅਲਾਟਮੈਂਟ ਸਬੰਧੀ ਵੇਰਵਾ, ਨਿਰਧਾਰਿਤ ਬਿਨੇ ਪੱਤਰ ਅਤੇ ਦਰ ਅਤੇ ਸ਼ਰਤਾ ਯੂਨੀਵਰਸਿਟੀ website www.gndu.ac.in (Tender) ਤੋਂ download ਕਰ ਸਕਦੇ ਹਨ।

**Registrar**

## GURU NANAK DEV UNIVERSITY
## AMRITSAR

# Corrigendum

Be informed that the following Shops vacant in the university campus and the same have to be let out:-

1. Shop No. 5 (Near Pb. & Sind Bank)-For Medical Store
2. Shop No. 3 (Ground floor of Library Building)- For Book Shop
3. Shop No. 3 ( Ground floor of Water Tanki)

Application are invited on prescribed form upto 31-10-2019. Details of Cost of form, terms and conditions can be downloaded from university website www.gndu.ac.in - Tenders.

Registrar

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

(ਜਨਰਲ ਸ਼ਾਖਾ)

**ਦੁਕਾਨ/Book Shop ਲਈ ਫਾਰਮ/ਬਿਨੈ-ਪੱਤਰ**

| ਬਿਨੈਕਾਰ ਦੀ ਫੋਟੋ |
|---|

1. ਬਿਨੈਕਾਰ ਦਾ ਨਾਮ : ____________________________
2. ਪਿਤਾ ਦਾ ਨਾਮ : ____________________________
3. ਉਮਰ : ____________________________
4. ਘਰ ਦਾ ਪਤਾ : ____________________________

   ____________________________
5. ਮੋਬਾਇਲ ਨੰ. : ____________________________
6. E-mail ID : ________________________

   *ਨੋਟ :(ਮੋਬਾਇਲ ਨੰਬਰ ਅਤੇ E-mail ਦਰੁੱਸਤ ਭਰੀ ਜਾਵੇ, ਜੇਕਰ ਕੋਈ ਤਰੁੱਟੀ ਰਹਿੰਦੀ ਹੈ ਤਾਂ ਉਸ ਦੀ ਜਿੰਮੇਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ ।)*
7. ਵਿਦਿਅਕ ਜਾਂ ਕਿਸੇ ਹੋਰ ਸੰਸਥਾ/ਕਾਲਜ/ਯੂਨੀਵਰਸਿਟੀ ਆਦਿ ਵਿਚ ਕੰਟੀਨ/ਦੁਕਾਨ ਚਲਾਉਣ ਦਾ ਤਜ਼ਰਬਾ :

| **ਕ੍ਰਮ ਨੰ.** | **ਸੰਸਥਾ ਦਾ ਨਾਮ** | **ਸਮਾਂ** | |
|---|---|---|---|
| | | **ਕਦੋਂ ਤੋਂ** | **ਕਦੋਂ ਤੱਕ** |
| | | | |
| | | | |
| | | | |

**ਨੋਟ:- Experience Certificate ਨੱਥੀ ਕੀਤਾ ਜਾਵੇ।**

8. ਕਿਹੜੀ ਦੁਕਾਨ/ਕੰਟੀਨ ਲੈਣ ਦੇ ਚਾਹਵਾਨ ਹੋ ?

   ______________________________________________________________________
9. ਕਿੰਨੀLicense Fee/Financial Bid ਭਰਨ ਲਈ ਤਿਆਰ ਹੋ ? : ____________(ਪ੍ਰਤੀ ਮਹੀਨਾ)
10. ਫਾਰਮ ਦੀ ਕੀਮਤ/ਫੀਸ ਦਾ ਵੇਰਵਾ : ਰਸੀਦ ਨੰਬਰ ________________ ਮਿਤੀ __________
11. ਬੈਂਕ ਡਰਾਫਟ ਦਾ ਵੇਰਵਾ :ਨੰਬਰ_______________ਰਕਮ___________ ਮਿਤੀ __________

ਮੈਂ ਇਹ ਬਿਆਨ ਕਰਦਾ/ਕਰਦੀ ਹਾਂ ਕਿ ਮੈਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ ਅਤੇ ਨਾਂ ਹੀ ਮੈਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੈ ।

***ਬਿਨੈਕਾਰ ਦੇ ਹਸਤਾਖਰ***

**ਫਾਰਮ ਦੀ ਕੀਮਤ 2,000/-ਰੁਪਏ**

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

## ਮੈਡੀਕਲ ਸਟੋਰ
## ਲਈ ਫਾਰਮ/ਬਿਨੈ-ਪੱਤਰ

ਬਿਨੈਕਾਰ ਦੀ ਫੋਟੋ

1. ਬਿਨੈਕਾਰ ਦਾ ਨਾਮ : ____________________________
2. ਪਿਤਾ ਦਾ ਨਾਮ : ____________________________
3. ਉਮਰ : ____________________________
4. ਘਰ ਦਾ ਪਤਾ : ____________________________
____________________________
____________________________
5. ਮੋਬਾਇਲ ਨੰ. : ____________________________
6. E-mail ID : __________________________
*ਨੋਟ : (ਮੋਬਾਇਲ ਨੰਬਰ ਅਤੇ E-mail ਦਰੁੱਸਤ ਭਰੀ ਜਾਵੇ, ਜੇਕਰ ਕੋਈ ਤਰੁੱਟੀ ਰਹਿੰਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ ।)*
7. Reputed Hospital ਜਾਂ Govt. Health Centre ਵਿਖੇ ਕੰਮ ਕਰਨ ਦਾ ਤਜ਼ਰਬਾ :

| ਕ੍ਰਮ ਨੰ. | Hospital/Health Centre ਦਾ ਨਾਮ | ਸਮਾਂ | |
|---|---|---|---|
| | | ਕਦੋਂ ਤੋਂ | ਕਦੋਂ ਤੱਕ |
| | | | |
| | | | |
| | | | |

**ਨੋਟ:- Experience Certificate ਨੱਥੀ ਕੀਤਾ ਜਾਵੇ।**

8. ਕਿੰਨੀ License Fee/Financial Bid ਭਰਨ ਲਈ ਤਿਆਰ ਹੋ ? : ______________(ਪ੍ਰਤੀ ਮਹੀਨਾ)
9. ਫਾਰਮ ਦੀ ਕੀਮਤ/ਫੀਸ ਦਾ ਵੇਰਵਾ : ਰਸੀਦ ਨੰਬਰ _________________ ਮਿਤੀ ___________
10. ਬੈਂਕ ਡਰਾਫਟ ਦਾ ਵੇਰਵਾ :ਨੰਬਰ_________________ਰਕਮ____________ ਮਿਤੀ ___________

ਮੈਂ ਇਹ ਬਿਆਨ ਕਰਦਾ/ਕਰਦੀ ਹਾਂ ਕਿ ਮੈਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ ਅਤੇ ਨਾਂ ਹੀ ਮੈਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੈ ।

***ਬਿਨੈਕਾਰ ਦੇ ਹਸਤਾਖਰ***

**ਫਾਰਮ ਦੀ ਕੀਮਤ 2,000/-ਰੁਪਏ**

# <u>ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ</u>

(ਜਨਰਲ ਸ਼ਾਖਾ)

**<u>ਮਿਤੀ 30-6-2020 ਤੱਕ ਲਈ (Extendable upto 30-6-2021) ਯੂਨੀਵਰਸਿਟੀ ਕੈਂਪਸ ਦੀਆਂ ਖਾਲੀ ਦੁਕਾਨਾਂ ਦੀ ਅਲਾਟਮੈਂਟ ਸਬੰਧੀ ਸ਼ਰਤਾਂ ਬਿਨੈਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਦੁਕਾਨਾਂ ਲਈ ਅਪਲਾਈ ਕਰਨ ਤੋਂ ਪਹਿਲਾਂ ਹੇਠ ਲਿਖੀਆਂ ਸ਼ਰਤਾਂ ਧਿਆਨ ਨਾਲ ਪੜ੍ਹ ਲੈਣ ਤਾਂ ਜੋ ਬਿਨੈ-ਪੱਤਰ ਕੈਂਸਲ/ਰਿਜੈਕਟ ਨਾ ਹੋਵੇ ।</u>**

1. ਦੁਕਾਨਾਂ ਦੀ ਅਲਾਟਮੈਂਟ ਲਈ ਬਿਨੈ-ਪੱਤਰ ਮਿਤੀ <u>31-10-2019</u> ਤੱਕ ਮੰਗੇ ਜਾਂਦੇ ਹਨ । ਫਾਰਮ/ਬਿਨੈ ਪੱਤਰ ਸੀਲਡ ਲਿਫਾਫੇ ਵਿਚ **ਸਹਾਇਕ ਰਜਿਸਟਰਾਰ (ਜਨਰਲ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ** ਦੇ ਪਤੇ ਤੇ ਕੇਵਲ **ਰਜਿਸਟਰਡ ਪੋਸਟ/ ਕੋਰੀਅਰ ਰਾਹੀਂ** ਜੀ ਭੇਜੇ ਜਾਣ ਜਿਸ ਉੱਪਰ ਮੋਟੇ ਅੱਖਰਾਂ ਵਿੱਚ "Application for the allotment of Medical Store/Book Shop/Shop (*ਜਿਸ ਲਈ ਵੀ ਅਪਲਾਈ ਕੀਤਾ ਹੋਵੇ*) ਲਿਖਿਆ ਹੋਵੇ ।
2. ਦੁਕਾਨਾਂ ਦੀ ਅਲਾਟਮੈਂਟ ਲਈ ਉਹ ਹੀ ਬਿਨੈਕਾਰ ਅਪਲਾਈ ਕਰ ਸਕਦੇ ਹਨ ਜਿਨ੍ਹਾਂ ਨੂੰ (*ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੋਵੇ*)। ਮੈਡੀਕਲ ਸਟੋਰ ਅਤੇ ਬੁੱਕ ਸ਼ਾਪ ਵਾਸਤੇ Experience ਜ਼ਰੂਰੀ ਨਹੀਂ ਹੈ।Experience Certificate ਅਤੇ Residence Proof (Adhaar Card) ਦੀ ਪਰਤ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ।
3. ਜੇਕਰ ਕਿਸੇ ਕਾਰਨ ਕਰਕੇ ਕਿਸੇ ਦੁਕਾਨ ਦੀ ਅਲਾਟਮੈਂਟ ਰਹਿ ਜਾਂਦੀ ਹੈ ਤਾਂ ਮੁੜ ਇਸ਼ਤਿਹਾਰ ਦੇਣ ਦੀ ਬਜਾਏ ਉਸ ਦੀ ਮੁੜ ਅਲਾਟਮੈਂਟ ਜਾਂ ਕਿਸੇ ਪ੍ਰਕਾਰ ਦੀ ਸੂਚਨਾ ਜਾਰੀ ਕਰਨ ਸਬੰਧੀ corrigendum ਯੂਨੀਵਰਸਿਟੀ ਵੈਬ ਸਾਇਟ ਤੇ ਅਪਲੋਡ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।
4. **ਪੰਜਾਬ ਅਤੇ ਸਿੰਧ ਬੈਂਕ ਦੇ ਨਜ਼ਦੀਕ ਦੁਕਾਨ ਨੰਬਰ 5 (Medical Store)** ਲਈ ਕੇਵਲ Registered Pharmacist ਹੀ ਅਪਲਾਈ ਕਰ ਸਕਦਾ ਹੈ ਬਸ਼ਰਤੇ ਉਸਨੂੰ (*ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੋਵੇ*) । ਇਸ ਦੇ ਨਾਲ ਹੀ ਬਿਨੈਕਾਰ Drugs & Consmetics Act, 1940 ਅਤੇ 1945 ਤਹਿਤ ਨਿਰਧਾਰਿਤ ਸ਼ਰਤਾਂ ਵੀ ਪੂਰੀਆਂ ਕਰਦਾ ਹੋਵੇ । Registration Certificate, Experience Certificate ਅਤੇ Residence Proof (Aadhaar Card) ਦੀ ਪਰਤ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ।
5. **ਭਾਈ ਗੁਰਦਾਸ ਲਾਇਬ੍ਰੇਰੀ ਦੇ ਥੱਲੇ ਦੁਕਾਨ ਨੰਬਰ 3 ਦੀ ਅਲਾਟਮੈਂਟ Book Shop** ਲਈ ਕੀਤੀ ਜਾਵੇਗੀ ।
6. ਦੁਕਾਨ ਨੰ.3 (ਪਾਣੀ ਵਾਲੀ ਟੈਂਕੀ ਦੇ ਥੱਲੇ) ਵਾਸਤੇ ਬਿਨੈਕਾਰ ਵਲੋਂ ਫਾਰਮ ਉੱਤੇ ਸਪਸ਼ਟ ਰੂਪ ਵਿਚ ਲਿਖਿਆ ਜਾਵੇ ਕਿ ਉਸਨੂੰ ਦੁਕਾਨ ਕਿਸ purpose ਵਾਸਤੇ ਚਾਹੀਦੀ ਹੈ ਅਤੇ ਉਸ ਨਾਲ ਸਬੰਧਤ ਸ਼ਰਤਾਂ ਅਲਾਟਮੈਂਟ ਦੇ ਸਮੇਂ ਨਿਰਧਾਰਿਤ ਕੀਤੀ ਜਾਣਗੀਆਂ।
7. ਇਕ ਤੋ ਵੱਧ ਦੁਕਾਨਾਂ ਵਾਸਤੇ ਵੱਖ-ਵੱਖ ਫਾਰਮ/ਬਿਨੈ-ਪੱਤਰ ਰਾਹੀਂ ਅਪਲਾਈ ਕਰਨਾ ਪਵੇਗਾ ।
8. ਦੁਕਾਨਾਂ ਦੀ ਮੁਢਲੀ ਅਲਾਟਮੈਂਟ ਮਿਤੀ **30/06/2020 ਤੱਕ** ਲਈ ਹੋਵੇਗੀ ਅਤੇ ਠੇਕੇਦਾਰ ਦੇ ਕੰਮ ਅਤੇ ਵਿਵਹਾਰ ਨੂੰ ਮੁੱਖ ਰਖਦੇ ਹੋਏ ਅਗਲੇ 1 ਸਾਲ (Extendable upto 30-6-2021 ਤੱਕ) ਲਈ ਕਿਰਾਏ ਵਿੱਚ 5% ਦਾ ਵਾਧਾ ਕਰਦੇ ਹੋਏ ਅਲਾਟਮੈਂਟ ਦੀ ਮਿਆਦ ਵਿੱਚ ਵਾਧਾ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।
9. ਫਾਰਮ/ਬਿਨੈ ਪੱਤਰ ਦੀ ਕੀਮਤ **2,000/- ਰੁਪਏ** ਯੂਨੀਵਰਸਿਟੀ ਕੈਸ਼ੀਅਰ ਪਾਸ ਜਮਾਂ ਕਰਵਾਈ ਜਾਵੇਗੀ।

10. ਦੁਕਾਨ ਲਈ ਬਿਨੈਕਾਰ ਵੱਲੋਂ ਅਪਣੇ ਬਿਨੈ ਪੱਤਰ ਵਿੱਚ ਜਿੰਨੀ License Fee/ Financial Bid ਭਰੀ ਜਾਵੇਗੀ ਉਸ ਦੇ ਤਿੰਨ ਗੁਣਾ ਰਾਸ਼ੀ ਦਾ Demand Draft ਜੋ ਕਿ Registrar, Guru Nanak Dev University, Amritsar ਦੇ ਨਾਮ ਤੇ ਹੋਵੇ ਅਪਣੇ ਬਿਨੈ ਪੱਤਰ ਦੇ ਨਾਲ ਹੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ, ਜਿਸ ਦੀ ਰਾਸ਼ੀ ਸਫਲ ਉਮੀਦਵਾਰ ਦੀ ਜਮਾਨਤੀ ਰਕਮ ਵਿੱਚ ਐਡਜਟ ਕਰ ਦਿੱਤੀ ਜਾਵੇਗੀ (*ਜੋ ਅਲਾਟਮੈਂਟ ਦੀ ਮਿਆਦ ਖਤਮ ਹੋਣ ਉਪਰੰਤ ਬਿਨ੍ਹਾਂ ਵਿਆਜ ਵਾਪਸੀ ਯੋਗ ਹੋਵੇਗੀ*) ਅਤੇ ਬਾਕੀ ਉਮੀਦਵਾਰਾਂ ਨੂੰ Demand Draft ਵਾਪਿਸ ਕਰ ਦਿੱਤਾ ਜਾਵੇਗਾ ।

11. ਦੁਕਾਨਾਂ ਲਈ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਵਿੱਚੋਂ ਜਿਸ ਯੋਗ ਬਿਨੈਕਾਰ ਵੱਲੋਂ ਸਭ ਤੋਂ ਜ਼ਿਆਦਾ License Fees/Financial Bid ਭਰੀ ਹੋਵੇਗੀ ਉਸ ਬਿਨੈਕਾਰ ਨੂੰ ਹੀ ਇੰਟਰਵਿਉ ਲਈ ਬੁਲਾਉਣ ਉਪਰੰਤ ਅਲਾਟਮੈਂਟ ਕੀਤੀ ਜਾਵੇਗੀ । ਜੇਕਰ ਬਿਨੈਕਾਰ ਇੰਟਰਵਿਉ ਵਿੱਚ ਹਾਜ਼ਰ ਨਹੀਂ ਹੁੰਦਾ (ਜੋ ਕਿ ਬਿਨੈਕਾਰ ਨੂੰ ਅਪੀਅਰ ਹੋਣਾ Mandatory ਹੈ), ਤਾਂ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ ਅਤੇ ਜੇਕਰ ਇੰਟਰਵਿਉ ਵਿੱਚ ਹਾਜ਼ਰ ਹੋਏ ਯੋਗ ਬਿਨੈਕਾਰ ਵੱਲੋਂ ਜੇਕਰ ਇਕ ਹਫਤੇ ਦੇ ਅੰਦਰ-ਅੰਦਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਇਨ੍ਹਾਂ ਹਲਾਤਾ ਵਿੱਚ ਵੀ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ । ਇਸ ਉਪਰੰਤ Waiting List ਵਿੱਚੋਂ ਅਗਲੇ ਯੋਗ ਬਿਨੈਕਾਰ ਨੂੰ ਉਸ ਵੱਲੋਂ ਦਿੱਤੀ ਗਈ License Fees/Financial Bid ਦੇ ਆਧਾਰ ਤੇ ਹੀ ਅਲਾਟਮੈਂਟ ਸਬੰਧੀ ਕਾਰਵਾਈ ਕੀਤੀ ਜਾਵੇਗੀ ਅਤੇ ਜੇਕਰ ਅਗਲੇ ਯੋਗ ਬਿਨੈਕਾਰ ਵੱਲੋਂ ਵੀ ਉਕਤ ਅਨੁਸਾਰ ਲੋੜੀਦੀ ਕਾਰਵਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਤਾਂ ਉਸ ਲਈ ਵੀ ਉਕਤ ਨਿਯਮ ਹੀ ਲਾਗੂ ਹੋਣਗੇ ਅਤੇ ਇਨ੍ਹਾਂ ਬਿਨੈਕਾਰਾਂ ਨੂੰ ਭਵਿੱਖ ਵਿੱਚ ਯੂਨੀਵਰਸਿਟੀ ਕੈਂਪਸ ਵਿਖੇ ਕਿਸੇ ਕੰਟੀਨ, ਦੁਕਾਨ, Food Court, ਵਹੀਕਲ ਸਟੈਂਡ ਆਦਿ ਲਈ ਅਪਲਾਈ ਕਰਨ ਤੋਂ debar ਕੀਤਾ ਜਾਵੇਗਾ ।

12. ਬਿਨੈਕਾਰਾਂ ਨੂੰ ਇਹ ਹਿਦਾਇਤ ਕੀਤੀ ਜਾਂਦੀ ਹੈ ਕਿ ਉਹ ਅਲਾਟਮੈਂਟ ਸਬੰਧੀ ਨਿਰਧਾਰਿਤ ਬਿਨੈ-ਪੱਤਰ ਵਿੱਚ ਅਪਣੇ ਮੋਬਾਇਲ ਨੰਬਰ ਅਤੇ E-mail ID ਸਹੀ ਭਰਨ ਕਿਉਂਜੋ ਯੋਗ ਬਿਨੈਕਾਰ ਨੂੰ ਇੰਟਰਵਿਉ ਸਬੰਧੀ ਦਫਤਰ ਵੱਲੋਂ ਮੋਬਾਇਲ ਕਾਲ, SMS ਅਤੇ ਉਸ ਵੱਲੋਂ ਦਿੱਤੀ ਗਈ E-mail ID ਤੇ ਸੂਚਨਾ ਦਿੱਤੀ ਜਾਵੇਗੀ । ਜੇਕਰ ਬਿਨੈਕਾਰ ਵੱਲੋਂ ਮੋਬਾਇਲ ਨੰਬਰ ਅਤੇ E-mail ID ਸਹੀ ਨਾ ਦਿੱਤੇ ਜਾਣ ਕਰਕੇ ਕੋਈ ਗਲਤੀ/ਦੇਰੀ ਹੁੰਦੀ ਹੈ ਜਾਂ ਉਸ ਬਿਨੈਕਾਰ ਦੀ ਇੰਟਰਵਿਉ ਰਹਿ ਜਾਂਦੀ ਹੈ ਤਾਂ ਉਸ ਦੀ ਜਿੰਮੇਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ । ਬਿਨੈ-ਪੱਤਰ ਪ੍ਰਾਪਤ ਹੋਣ ਉਪਰੰਤ ਦਫਤਰ ਵੱਲੋਂ ਸਮੂਹ ਯੋਗ ਬਿਨੈਕਾਰਾਂ ਦੀ ਲਿਸਟ (ਸਮੇਤ Waiting List) ਯੂਨੀਵਰਸਿਟੀ ਵੈਬ-ਸਾਇਟ ਤੇ Link->Tenders ਤੇ upload ਕੀਤੀ ਜਾਵੇਗੀ ।

13. ਦੁਕਾਨਾਂ ਦੀ ਅਲਾਟਮੈਂਟ ਹੋਣ ਉਪਰੰਤ ਜੇ ਕੋਈ ਦੁਕਾਨਦਾਰਾਂ ਦੁਕਾਨ ਨਿਰਧਾਰਿਤ ਮਿਤੀ ਤੋਂ ਪਹਿਲਾਂ ਛੱਡਣਾ ਚਾਹੁੰਦਾ ਹੈ ਤਾਂ ਉਸ ਵੱਲੋਂ ਯੂਨੀਵਰਸਿਟੀ ਨੂੰ 2 **ਮਹੀਨੇ** ਦਾ ਅਗਾਉਂ ਨੋਟਿਸ ਦੇਣਾ ਜ਼ਰੂਰੀ ਹੋਵੇਗਾ, ਅਤੇ ਜੇਕਰ ਉਸ ਵੱਲੋਂ ਅਗਾਉਂ ਨੋਟਿਸ ਦੇਣ ਤੋਂ ਬਗੈਰ ਦੁਕਾਨ ਛੱਡੀ ਜਾਂਦੀ ਹੈ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਜ਼ਬਤ ਕਰ ਲਈ ਜਾਵੇਗੀ ।

14. ਦੁਕਾਨਾਂ ਦੇ ਦੁਕਾਨਦਾਰਾਂ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਕਰਵਾਏਗਾ ਅਤੇ ਅਗਲੇ 3 ਮਹੀਨਿਆਂ ਦਾ ਕਿਰਾਇਆ (*ਸਮੇਤ* GST) ਸਤੰਬਰ ਮਹੀਨੇ ਦੀ 25 ਤੋਂ 30 ਤਾਰੀਖ (*ਜਾਂ ਅਖੀਰਲੇ ਕੰਮ ਵਾਲੇ ਦਿਨ ਤੱਕ*) ਜਮ੍ਹਾਂ ਕਰਵਾਏਗਾ । ਜੇਕਰ ਦੁਕਾਨਦਾਰਾਂ ਵੱਲੋਂ ਇਸ ਦਰਮਿਆਨ ਕਿਰਾਇਆ (*ਸਮੇਤ* GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਅਕਤੂਬਰ ਮਹੀਨੇ ਦੀ 15 ਤਾਰੀਖ ਤੱਕ (ਜਾਂ ਕੰਮ ਵਾਲੇ ਦਿਨ ਤੱਕ) ਉਸ ਨੂੰ ਕਿਰਾਇਆ (*ਸਮੇਤ* GST) 10% Penalty ਨਾਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਜੇਕਰ ਦੁਕਾਨਦਾਰਾਂ ਵੱਲੋਂ ਫਿਰ ਵੀ ਕਿਰਾਇਆ (*ਸਮੇਤ* GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਉਸਦਾ ਠੇਕਾ ਰੱਦ ਕਰਨ

ਅਤੇ ਜਮਾਨਤੀ ਰਕਮ ਜਬਤ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ । ਇਹ ਹੀ ਸ਼ਰਤ ਅਗਲੀਆਂ ਤਿਮਾਹੀਆਂ ਦੇ ਕਿਰਾਏ ਆਦਿ ਤੇ ਲਾਗੂ ਹੋਵੇਗੀ ।

15. ਯੂਨੀਵਰਸਿਟੀ ਕੈਂਪਸ ਵਿਖੇ ਸਥਿਤ ਵੱਖ-ਵੱਖ ਦੁਕਾਨਾਂ ਦੇ ਦੁਕਾਨਦਾਰਾਂ ਕਿਰਾਏ, ਬਿਜਲੀ ਦੇ ਕਿਰਾਏ ਤੋਂ ਇਲਾਵਾ ਨਿਯਮਾਂ ਅਨੁਸਾਰ GST ਅਤੇ ਹੋਰ ਸਮੇਂ-ਸਮੇਂ ਤੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਟੈਕਸ ਦੇਣ ਦੇ ਪਾਬੰਦ ਹੋਣਗੇ ।
16. ਦੁਕਾਨਾਂ ਵਿਚ ਬਿਜਲੀ ਦੇ ਮੀਟਰ ਦੁਕਾਨਦਾਰਾਂ ਵੱਲੋਂ ਅਪਣੇ ਪੱਧਰ ਅਤੇ ਖਰਚੇ ਤੇ ਲਗਾਵਾਏ ਜਾਣਗੇ ਅਤੇ ਇਨ੍ਹਾਂ ਦੇ ਬਿਲਾਂ ਦੀ ਅਦਾਇਗੀ ਵੀ ਦੁਕਾਨਦਾਰਾਂ ਵੱਲੋਂ ਅਪਣੇ ਪੱਧਰ ਤੇ ਕੀਤੀ ਜਾਵੇਗੀ।
17. ਦੁਕਾਨਾਂ ਦੇ ਦੁਕਾਨਦਾਰਾਂ ਵੱਲੋਂ ਯੂਨੀਵਰਸਿਟੀ ਸੰਪਤੀ ਦੀ ਦੁਰਵਰਤੋਂ ਕਰਨ ਜਾਂ ਉਸਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੇ ਉਸਦੀ ਭਰਪਾਈ ਸਬੰਧਿਤ ਦੁਕਾਨਦਾਰ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਵਿੱਚੋਂ ਕੀਤੀ ਜਾਵੇਗੀ ।
18. ਦੁਕਾਨਾਂ ਦੇ ਦੁਕਾਨਦਾਰਾਂ ਵਲੋਂ ਆਪਣੇ ਪੱਧਰ ਅਤੇ ਖਰਚੇ ਤੇ ਸਾਰੇ ਸਟਾਫ ਦੇ ਸ਼ਨਾਖਤੀ ਕਾਰਡ ਬਣਵਾਏ ਜਾਣਗੇ।
19. ਦੁਕਾਨਾਂ ਦਾ ਸਾਰਾ ਸਟਾਫ ਸਾਫ ਸੁਥਰੇ ਕਪੜੇ ਪਾਉਣਗੇ।
20. ਦੁਕਾਨਦਾਰਾਂ ਦੁਕਾਨਾਂ ਨੂੰ ਸਾਫ ਸੁਥਰਾ ਰੱਖਣਗੇ।
21. ਹਰੇਕ ਦੁਕਾਨਦਾਰਾਂ ਨੂੰ ਦੁਕਾਨਾਂ ਤੇ ਖੁਦ ਬੈਠਣਾ ਲਾਜ਼ਮੀ ਹੋਵੇਗਾ।
22. ਦੁਕਾਨ ਦੇ ਦੁਕਾਨਦਾਰਾਂ ਨੂੰ ਇਸ ਨੂੰ ਅੱਗੇ sublet ਕਰਨ ਦਾ ਅਧਿਕਾਰ ਨਹੀਂ ਹੋਵੇਗਾ।
23. ਦੁਕਾਨਾਂਲਈ ਬਿਨੈ-ਪੱਤਰ ਪ੍ਰਾਪਤ ਹੋਣ ਉਪਰੰਤ ਅਲਾਟਮੈਂਟ ਕਰਨ ਜਾਂ ਨਾਂ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।
24. ਦੁਕਾਨਦਾਰਾਂ ਨੂੰ **"ਬਗੈਰ ਕਾਰਨ ਦੱਸੇ"** ਇਕ ਹਫਤੇ ਦਾ ਨੋਟਿਸ ਦਿੰਦੇ ਹੋਏ ਦੁਕਾਨ ਖਾਲੀ ਕਰਵਾਉਣ ਦੀ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।

*ਨੋਟ: ਜਿਸ ਉਮੀਦਵਾਰ ਨੂੰ ਦੁਕਾਨ ਦੀ ਅਲਾਟਮੈਂਟ ਕਮੇਟੀ ਵਲੋਂ ਕੀਤੀ ਜਾਵੇਗੀ ਉਹ ਉਪਰੋਕਤ ਲਿਖੀਆਂ ਸ਼ਰਤਾਂ 25/-ਰੁਪਏ ਦੇ ਅਸ਼ਟਾਮ ਤੇ ਮੈਜਿਸਟ੍ਰੇਟ ਵਲੋਂ ਤਸਦੀਕਸ਼ੁਦਾ ਫੋਟੋ ਵਾਲਾ ਹਲਫੀਆ ਬਿਆਨ ਤਿਆਰ ਕਰਵਾ ਕੇ ਜਨਰਲ ਸ਼ਾਖਾ ਵਿਚ ਜਮ੍ਹਾਂ ਕਰਵਾਏਗਾ।*

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

(ਜਨਰਲ ਸ਼ਾਖਾ)

ਯੂਨੀਵਰਸਿਟੀ ਕੈਂਪਸ ਵਿਖੇ ਹੇਠ ਲਿਖੀਆਂ ਦੁਕਾਨਾਂ ਖਾਲੀ ਹਨ:-

1. **Shop No. 5 (Near Pb. & Sind Bank)-For Medical Store**
2. **Shop No. 3 (Ground floor of Library Building)- For Book Shop**
3. **Shop No. 3 (Ground floor of Water Tanki)**

ਉਪਰੋਕਤ ਖਾਲੀ ਦੁਕਾਨਾਂ ਦੀ ਮੁੜ ਤੋਂ ਅਲਾਟਮੈਂਟ ਕਰਨ ਲਈ Corrigendum ਨੂੰ ਯੂਨੀਵਰਸਿਟੀ ਦੀ ਵੈਬਸਾਈਟ www.gndu.ac.in →(Tenders) ਤੇ upload ਕਰਨ ਲਈ Computer System Administrator (Compruter Centre for IT Solution) ਪਾਸ ਬੇਨਤੀ ਹੈ,ਜੀ।

16-10-2019